# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ :- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਫਰਵਰੀ/ਮਾਰਚ 2016 ਜੋ ਕਿ ਮਿਤੀ 20-2-2016 ਤੋਂ ਆਰੰਭ ਹੋ ਰਹੀਆਂ ਹਨ। ਪ੍ਰੀਖਿਆ ਕੇਂਦਰਾਂ ਵਿੱਚ ਡਿਊਟੀ ਦੇਣ ਵਾਲੇ ਨਿਗਰਾਨ ਲਈ ਹਦਾਇਤਾਂ :-**

1. ਜੇਕਰ ਉਪਰੋਕਤ ਕੇਂਦਰ ਵਿੱਚ ਤੁਹਾਡਾ ਨਜ਼ਦੀਕੀ ਰਿਸ਼ਤੇਦਾਰ ਪ੍ਰੀਖਿਆ ਦੇ ਰਿਹਾ ਹੈ/ਰਹੀ ਹੈ ਜਾਂ ਤੁਹਾਡੇ ਆਪਣੇ ਸਕੂਲ ਦੇ ਉਮੀਦਵਾਰ ਉਸੇ ਪ੍ਰੀਖਿਆ ਕੇਂਦਰ ਤੇ ਪ੍ਰੀਖਿਆ ਦੇ ਰਹੇ ਹਨ ਤਾਂ ਇਸ ਦੀ ਸੂਚਨਾ ਤੁਰੰਤ ਕੇਂਦਰ ਸੁਪਰਡੰਟ/ਜ਼ਿਲ੍ਹਾ ਸਿੱਖਿਆ ਅਫਸਰ ਨੂੰ ਦਿੱਤੀ ਜਾਵੇ। ਤੱਥਾਂ ਨੂੰ ਛੁਪਾ ਕੇ ਨਿਯੁਕਤੀ ਪ੍ਰਾਪਤ ਕਰਨ ਦੀ ਸੂਰਤ ਵਿੱਚ ਆਪ ਨੂੰ ਬੋਰਡ ਦੇ ਕਿਸ ਵੀ ਕੰਮ ਲਈ ਅਯੋਗ ਠਹਿਰਾਇਆ ਜਾਵੇਗਾ।
2. ਕੇਂਦਰ ਦੀ ਤਿਆਰੀ ਲਈ ਪ੍ਰੀਖਿਆ ਸ਼ੁਰੂ ਹੋਣ ਤੋ **ਇੱਕ ਦਿਨ ਪਹਿਲਾਂ ਸਵੇਰੇ 11.00 ਵਜੇ** ਕੇਂਦਰ ਸੁਪਰਡੰਟ ਨੂੰ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਵੇ।
3. ਸੇਵਾਫਲ ਦੀ ਦਰ 50/- ਰੁਪਏ ਪ੍ਰਤੀ ਸੈਸ਼ਨ ਹੈ।
4. ਸਫ਼ਰ ਭੱਤਾ ਤੇ ਪੜਾਅ ਭੱਤਾ ਨਹੀਂ ਦਿੱਤਾ ਜਾਵੇਗਾ।
5. ਸਰਕਾਰ ਵਲੋਂ ਪ੍ਰੀਖਿਆ ਸਬੰਧੀ ਡਿਊਟੀ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ, ਇਸ ਲਈ ਜੇਕਰ ਆਪ ਬੋਰਡ ਵੱਲੋਂ ਦਿੱਤੇ ਕੇਂਦਰ ਤੇ ਡਿਊਟੀ ਲਈ ਹਾਜ਼ਰ ਨਹੀਂ ਹੋਵੋਗੇ ਤਾਂ ਆਪ ਵਿਰੁੱਧ ਅਨੁਸ਼ਾਸਨੀ ਕਾਰਵਾਈ ਲਈ ਕੇਸ ਅਗਲੇਰੀ ਕਾਰਵਾਈ ਲਈ ਸਕੂਲ ਸਿੱਖਿਆ ਵਿਭਾਗ,ਪੰਜਾਬ ਨੂੰ ਭੇਜਿਆ ਜਾਵੇਗਾ।
6. ਪ੍ਰੀਖਿਆ ਦੌਰਾਨ ਮੋਬਾਇਲ ਫੋਨ ਵਰਤਣ ਦੀ ਮਨਾਹੀ ਹੋਵੇਗੀ।

ਨੋਟ: ਸੰਸਥਾ ਦੇ ਮੁੱਖੀ ਨੂੰ ਕੋਈ ਨਿਯੁਕਤੀ ਪੱਤਰ ਦੀ ਵੱਖਰੀ ਕਾਪੀ ਜਾਰੀ ਨਹੀਂ ਕੀਤੀ ਜਾਵੇਗੀ। ਇਸ ਪੱਤਰ ਨੂੰ ਪੇਸ਼ ਕਰਕੇ ਰਵਾਨਗੀ ਪੱਤਰ ਜਾਰੀ ਕਰਵਾਇਆ ਜਾਵੇ। ਸੰਬਧਤ ਸੰਸਥਾ ਮੁੱਖੀ ਵਲੋਂ ਇਸ ਅਧਿਆਪਕ/ਅਧਿਆਪਕਾਂ ਨੂੰ ਸਿਰਫ਼ ਉਪਰੋਕਤ ਦਰਸਾਏ ਕੇਂਦਰ ਤੇ ਡਿਊਟੀ ਲਈ ਫਾਰਗ ਕੀਤਾ ਜਾਵੇ।

ਸੁਪਰਡੰਟ(ਕ.ਸ)
ਵਾਸਤੇ ਸਕੱਤਰ

## ਨਿਗਰਾਨ ਦੀਆਂ ਡਿਊਟੀਆਂ ਸਬੰਧੀ ਹਦਾਇਤਾਂ

1. ਪ੍ਰੀਖਿਆ ਦੇ ਸੰਚਾਲਨ ਸਬੰਧੀ ਕੇਂਦਰ ਸੁਪਰਡੰਟ ਦੇ ਸਾਰੇ ਆਦੇਸ਼ਾਂ ਦੀ ਪਾਲਣਾ ਕਰਨਗੇ।
2. ਪ੍ਰਸ਼ਨ-ਪੱਤਰਾਂ ਦੇ ਲਿਫਾਫੇ ਖੋਲ੍ਹਣ ਸਮੇਂ ਉਹ ਮੌਕੇ ਤੇ ਹਾਜ਼ਰ ਹੋਵੇ ਅਤੇ ਇਨ੍ਹਾਂ ਦੀਆਂ ਸੀਲਾਂ ਆਦਿ ਸੁਰੱਖਿਅਤ ਹੋਣ ਸਬੰਧੀ ਤਸੱਲੀ ਕਰੇ।
3. ਉਹ ਇਹ ਵੇਖਣਗੇ ਕਿ ਹਰ ਉਮੀਦਵਾਰ ਨੇ ਸੀਟ ਲਈ ਹੈ। ਪ੍ਰੀਖਿਆਰਥੀਆਂ ਵੱਲੋਂ ਉੱਤਰ-ਪੱਤਰੀਆਂ ਤੇ ਲਿਖੇ ਰੋਲ ਨੰਬਰ ਅਤੇ ਦੂਸਰੇ ਵੇਰਵਿਆਂ ਦਾ ਮਿਲਾਨ ਗੁਪਤ ਸੂਚੀ ਨਾਲ ਕਰਨਗੇ ਅਤੇ ਤਰੁੱਟੀ ਹੋਣ ਦੀ ਹਾਲਤ ਵਿੱਚ ਇਸ ਨੂੰ ਕੇਂਦਰ ਸੁਪਰਡੰਟ ਦੇ ਧਿਆਨ ਵਿੱਚ ਲਿਆ ਕੇ ਠੀਕ ਕਰਵਾਏਗਾ। ਪ੍ਰਸ਼ਨ-ਪੱਤਰਾਂ ਦੀ ਵੰਡ ਉਸਨੇ ਕਰਨੀ ਹੈ।
4. ਜੇਕਰ ਕਿਸੇ ਉਮੀਦਵਾਰ ਦੇ ਕਬਜ਼ੇ ਵਿੱਚੋਂ ਅਣ-ਉਚਿਤ ਕਾਗਜ਼, ਨੋਟਿਸ ਵਗੇਰਾ ਲੱਭਦਾ ਹੈ ਤਾਂ ਇਸ ਦੀ ਰਿਪੋਰਟ ਕੇਂਦਰ ਸੁਪਰਡੰਟ ਨੂੰ ਕਰੇ ਜਿਹੜੇ ਨਿਗਰਾਨ ਅਮਲੇ ਦੀ ਸੁਪਰਵੀਜ਼ਨ ਦੇ ਅਧੀਨ 2 ਜਾਂ ਇਸ ਤੋਂ ਜ਼ਿਆਦਾ ਅਣ-ਉਚਿੱਤ ਸਾਧਨ ਵਰਤਨ ਸਬੰਧੀ ਤੂਫ਼ਾਨੀ ਦਲ ਜਾਂ ਬੋਰਡ ਦੇ ਉੱਚ ਅਧਿਕਾਰੀ ਕੇਸ ਫੜਨਗੇ। ਇਸ ਤਰ੍ਹਾਂ ਦੇ ਨਿਗਰਾਨ ਅਮਲੇ ਨੂੰ ਬਿਨਾਂ ਕਿਸੇ ਇਤਲਾਹ ਦੇ ਬੋਰਡ ਦੇ ਸੇਵਾਫਲ ਪਾਉਣ ਵਾਲੇ ਕੰਮ ਤੋਂ ਸਦਾ ਲਈ ਅਯੋਗ ਠਹਿਰਾ ਦਿੱਤਾ ਜਾਵੇਗਾ।
5. ਕੇਂਦਰ ਸੁਪਰਡੰਟ ਦੀ ਲਿਖਤੀ ਆਗਿਆ ਤੋਂ ਬਿਨਾਂ ਉਹ ਪ੍ਰੀਖਿਆ ਕੇਂਦਰ ਤੋਂ ਗੈਰ-ਹਾਜਰ ਨਹੀਂ ਰਹਿ ਸਕਦੇ ਅਤੇ ਨਾ ਹੀ ਕਿਸੇ ਹੋਰ ਕੇਂਦਰ ਤੇ ਡਿਊਟੀ ਦੇ ਸਕਦੇ ਹਨ।
6. ਜਿਸ ਕੇਂਦਰ ਦੇ ਨਿਗਰਾਨ ਦੀ ਡਿਊਟੀ ਦਫ਼ਤਰ ਤੋਂ ਲਗਾਈ ਗਈ ਹੈ, ਉਹ ਸਿਰਫ਼ ਉਸ ਕੇਂਦਰ ਤੇ ਹੀ ਡਿਊਟੀ ਦੇ ਸਕਦੇ ਹਨ। ਜੇਕਰ ਉਹ ਆਪਣੀ ਮਰਜ਼ੀ ਅਨੁਸਾਰ ਕਿਸੇ ਹੋਰ ਕੇਂਦਰ ਤੇ ਡਿਊਟੀ ਲਈ ਹਾਜ਼ਰ ਹੁੰਦਾ ਹੈ ਅਤੇ ਇਸ ਦਾ ਬਾਅਦ ਵਿਚ ਪਤਾ ਚਲ ਜਾਂਦਾ ਹੈ ਤਾਂ ਉਹਨਾਂ ਨੂੰ ਬੋਰਡ ਦੇ ਕੰਮ ਤੋਂ ਸਦਾ ਲਈ ਅਯੋਗ ਠਹਿਰਾਇਆ ਜਾਵੇਗਾ।
7. ਪ੍ਰੀਖਿਆ ਦੌਰਾਨ ਕਿਸੇ ਵੀ ਪ੍ਰੀਖਿਆਰਥੀ ਦੇ ਬੂਟ ਅਤੇ ਜੁਰਾਬਾਂ ਨਾ ਖੁਲ੍ਹਵਾਏ ਜਾਣ।